**TABLE AGENDA**

**Item No. 72.21.1: Organizing the event on 18.02.2020 under celebration of *Punjabi Maa Boli week***

Reference is made to Memo No. 296-307 dated 20.01.2020 received from Director, Cultural Affairs, Archaeological and Museum Dept., Govt. of Punjab (Annexure-X) regarding forwarding the issues to be discussed for celebration of ***Punjabi Maa Boli*** week w.e.f 15.02.2020 to 21.02.2020.

As per para No. 05, Punjabi Film Festival is to be organized in IKGPTU on 18.02.2020 wherein prominent Punjabi Films will be shown and the arrangements will be done by Vice-Chancellor, IKGPTU.

The matter is placed before the Board for deliberation and further directions.

ਡਾਇਰੈਕਟਰ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬਘਰ ਵਿਭਾਗ,ਪੰਜਾਬ
ਪਲਾਟ ਨੰ:3, ਸੈਕਟਰ-38ਏ, ਚੰਡੀਗੜ੍ਹ

ਸੇਵਾ ਵਿਖੇ

1 ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ
2 ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸੰਸਦੀ ਕਾਰਜ ਮਾਮਲੇ ਵਿਭਾਗ
3 ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
4 ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
5 ਚੇਅਰਮੈਨ, ਪੰਜਾਬ ਕਲਾ ਪ੍ਰੀਸ਼ਦ
6 ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ
7 ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ
8 ਵਾਈਸ ਚਾਂਸਲਰ
ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ
9 ਡਾਇਰੈਕਟਰ, ਭਾਸ਼ਾ ਵਿਭਾਗ
10 ਡਾਇਰੈਕਟਰ,
ਉੱਤਰ ਖੇਤਰੀ ਸਭਿਆਚਾਰਕ ਕੇਂਦਰ, ਪਟਿਆਲਾ
11 ਡਾਇਰੈਕਟਰ,
ਹਰਪਾਲ ਟਿਵਾਣਾ ਅਕਾਦਮੀ ਫਾਰ ਪ੍ਰੋਫਾਰਮਿੰਗ ਆਰਟ,ਪਟਿਆਲਾ
12 ਕੇਵਲ ਧਾਲੀਵਾਲ
ਪ੍ਰਧਾਨ, ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ

ਮੀਮੋ ਨੰ: 296 - 307
ਮਿਤੀ ਚੰਡੀਗੜ੍ਹ 20-01-2020

ਵਿਸ਼ਾ: ਪੰਜਾਬੀ ਮਾਂ ਬੋਲੀ ਹਫਤਾ ਮਨਾਉਣ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਵਿਭਾਗ ਦੇ ਪੱਤਰ ਨੰ: 261-271, ਮਿਤੀ 20.01.2020 ਦੇ ਹਵਾਲੇ ਵਿੱਚ।

ਇਸ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਮਾਂ ਬੋਲੀ ਹਫਤਾ ਮਨਾਉਣ ਸਬੰਧੀ ਵੱਖ ਵੱਖ ਵਿਭਾਗਾਂ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਸਬੰਧੀ ਰੂਪ-ਰੇਖਾ ਨੂੰ ਵਿਚਾਰਨ ਹਿੱਤ ਮਾਨਯੋਗ ਯਾਤਰਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਜੀ ਵੱਲੋਂ ਉਨ੍ਹਾਂ ਦੇ ਨਿਵਾਸ ਸਥਾਨ ਕੋਠੀ ਨੰਬਰ 46, ਸੈਕਟਰ 2, ਚੰਡੀਗੜ੍ਹ ਵਿਖੇ ਮਿਤੀ 21.01.2020 ਨੂੰ 12.30 ਵੱਜੇ ਰਿਵਿਊ ਮੀਟਿੰਗ ਰੱਖੀ ਗਈ ਹੈ। ਮੀਟਿੰਗ ਵਿੱਚ ਵਿਚਾਰੇ ਜਾਣ ਵਾਲੇ ਮੁੱਦਿਆਂ ਸਬੰਧੀ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ।

ਇਸ ਸਬੰਧ ਵਿਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਵਿਭਾਗ ਨਾਲ ਸਬੰਧਤ ਮੁੱਦਿਆਂ ਤੇ ਰੂਪ-ਰੇਖਾ ਤਿਆਰ ਕਰਦੇ ਹੋਏ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਡਾਇਰੈਕਟਰ

Scanned by CamScanner

## ਪੰਜਾਬੀ ਮਾਂ ਬੋਲੀ ਸਪਤਾਹ ਮਨਾਉਣ ਸਬੰਧੀ ਪ੍ਰਵਾਨ ਹੋਈ ਰੂਪ ਰੇਖਾ

1. ਪੰਜਾਬੀ ਮਾਂ ਬੋਲੀ ਸਪਤਾਹ ਮਿਤੀ 15-2-2020 ਤੋਂ 21-2-2020 ਤੱਕ ਮਨਾਏ ਜਾਣ ਦੀ ਤਜਵੀਜ਼ ਪ੍ਰਵਾਨ ਕੀਤੀ ਗਈ ਹੈ।

2. ਮਿਤੀ 15-2-2020 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਕ ਉਦਘਾਟਨੀ ਪ੍ਰੋਗਰਾਮ ਕੀਤਾ ਜਾਣਾ ਹੈ ਜਿਸ ਵਿੱਚ ਕਿ ਪੰਜਾਬ ਲੋਕ ਕਲਾ ਨੂੰ ਦਰਸਾਉਂਦੀਆਂ ਹੋਈਆਂ ਗਤੀਵਿਧੀਆਂ ਅਤੇ ਇਕ ਉਦਘਾਟਨੀ ਪ੍ਰੋਗਰਾਮ ਜਿਸ ਵਿੱਚ ਪੰਜਾਬੀ ਬੋਲੀ ਨੂੰ ਲੈ ਕੇ 1-2 ਭਾਸ਼ਣ ਆਯੋਜਿਤ ਕਰਵੇ ਕੇ ਇਸ ਸਪਤਾਹ ਦਾ ਆਰੰਭ ਕੀਤਾ ਜਾਣਾ ਹੈ। ਪੰਜਾਬੀ ਯੂਨੀਵਰਸਿਟੀ ਵਿਖੇ ਉਪਰੋਕਤ ਅਨੁਸਾਰ ਕਰਵਾਏ ਗਏ ਕੰਮਾਂ ਦੀ ਜ਼ਿੰਮੇਂਵਾਰੀ ਉਚੇਰੀ ਸਿੱਖਿਆ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਦੀ ਹੈ।

ਮਿਤੀ 15-2-2020 ਨੂੰ ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ ਵਿਖੇ ਪੰਜਾਬੀ ਕਵੀ ਦਰਬਾਰ, ਸ਼ੇਅਰੋ ਸ਼ਾਇਰੀ ਅਤੇ ਗਜ਼ਲਾਂ ਦਾ ਪ੍ਰੋਗਰਾਮ ਆਯੋਜਿਤ ਕੀਤਾ ਜਾਣਾ ਅਤੇ ਇਸ ਪ੍ਰੋਗਰਾਮ ਨੂੰ ਆਯੋਜਿਤ ਕੀਤੇ ਜਾਣ ਦੀ ਜ਼ਿੰਮੇਂਵਾਰੀ ਪੰਜਾਬ ਆਰਟਸ ਕੌਂਸਲ ਦੀ ਹੈ।

3. ਮਿਤੀ 16-2-2020 ਨੂੰ ਪਟਿਆਲਾ ਵਿਖੇ ਹਰਪਾਲ ਟਿਵਾਣਾ ਅਕੈਡਮੀ ਵਿਖੇ ਉਨ੍ਹਾਂ ਦੇ ਸਹਿਯੋਗ ਨਾਲ ਪੰਜਾਬੀ ਡਰਾਮਾ ਫੈਸਟੀਵਲ ਕਰਵਾਇਆ ਜਾਣਾ ਹੈ ਅਤੇ ਇਸ ਨੂੰ ਆਯੋਜਿਤ ਕਰਨ ਦੀ ਜ਼ਿੰਮੇਂਵਾਰੀ ਹਰਪਾਲ ਸਿੰਘ ਟਿਵਾਣਾ ਅਕੈਡਮੀ ਅਤੇ ਪੰਜਾਬ ਸੰਗੀਤ ਅਤੇ ਨਾਟਕ ਅਕੈਡਮੀ ਦੀ ਹੋਵੇਗੀ।

4. ਮਿਤੀ 17-2-2020 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਇਕ ਅੰਤਰ-ਰਾਸ਼ਟਰੀ ਪੱਧਰ ਦਾ ਪੰਜਾਬੀ ਭਾਸ਼ਾ ਸਬੰਧੀ ਸੈਮੀਨਾਰ ਅਤੇ ਪੈਨਲ ਡਿਸਕਸ਼ਨ ਕਰਵਾਇਆ ਜਾਣਾ ਹੈ ਜੋ ਕਿ ਉਚੇਰੀ ਸਿੱਖਿਆ ਵਿਭਾਗ ਦੀ ਰਹਿਨੁਮਾਈ ਹੇਠ ਕਰਵਾਇਆ ਜਾਣਾ ਹੈ। ਇਸ ਵਿੱਚ ਪੰਜਾਬੀ ਸਾਹਿਤ ਦੇ ਨਾਲ ਜੁੜੇ ਉੱਘੇ ਵਿਦਵਾਨਾਂ ਨੂੰ ਬੁਲਾਏ ਜਾਣ ਅਤੇ ਇਸ ਸੈਮੀਨਾਰ ਵਿੱਚ ਪੰਜਾਬੀ ਬੋਲੀ ਦੇ ਵਿਕਾਸ ਸਬੰਧੀ ਚਰਚਾ ਕੀਤੇ ਜਾਣ ਦੀ ਤਜਵੀਜ਼ ਹੈ।

5. ਮਿਤੀ 18-2-2020 ਨੂੰ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਵਿਖੇ ਪੰਜਾਬੀ ਫਿਲਮ ਫੈਸਟੀਵਲ ਕਰਵਾਇਆ ਜਾਣਾ ਹੈ ਜਿਸ ਵਿੱਚ ਉੱਘੀਆਂ ਪੰਜਾਬੀ ਫਿਲਮਾਂ ਵਿਖਾਇਆ ਜਾਣਗੀਆਂ ਅਤੇ ਇਸ ਦਾ ਆਯੋਜਨ ਉਪ ਕੁਲਪਤੀ, ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਕੀਤਾ ਜਾਣਾ ਹੈ।

6. ਮਿਤੀ 19-2-2020 ਨੂੰ ਗੁਰੂ ਨਾਨਕ ਭਵਨ, ਲੁਧਿਆਣਾ ਵਿਖੇ ਪੰਜਾਬ ਦੇ ਲੋਕ ਨਾਚ ਸਬੰਧੀ ਸਮਾਗਮ ਕਰਵਾਏ ਜਾਣੇ ਹਨ ਜਿਸ ਵਿੱਚ ਉਚੇਰੀ ਸਿੱਖਿਆ ਵਿਭਾਗ ਵੱਲੋਂ ਉਨ੍ਹਾਂ ਅਧੀਨ ਆਉਂਦੀਆਂ ਪੰਜਾਬ ਦੀਆਂ ਸਮੂਹ ਯੂਨੀਵਰਸਿਟੀਆਂ ਰਾਹੀਂ ਉਨ੍ਹਾਂ ਦੀਆਂ ਆਪਣੀਆਂ ਸਭ ਤੋਂ ਵਧੀਆ ਗਿੱਧਾ, ਭੰਗੜਾ, ਜਿੰਦੂਆ ਅਤੇ ਮਲਵਈ ਗਿੱਧੇ ਦੀਆਂ ਟੀਮਾਂ ਨੂੰ ਬੁਲਾ ਕੇ ਲੋਕ ਨਾਚਾਂ ਦਾ ਸਮਾਗਮ ਕਰਵਾਇਆ ਜਾਣਾ ਹੈ। ਇਸ ਪ੍ਰੋਗਰਾਮ ਦੀ ਸਾਰੀ ਜ਼ਿੰਮੇਂਵਾਰੀ ਉਚੇਰੀ ਸਿੱਖਿਆ ਵਿਭਾਗ ਦੀ ਹੈ।

7. ਮਿਤੀ 20-2-2020 ਨੂੰ ਪੰਜਾਬ ਵਿਧਾਨ ਸਭਾ ਵਿੱਚ ਸਪੈਸ਼ਲ ਸਿਟਿੰਗ ਬੁਲਾਈ ਜਾਣ ਲਈ ਤਜਵੀਜ਼ ਕੀਤਾ ਜਾਂਦਾ ਹੈ ਜਿਸ ਦਾ ਆਯੋਜਨ ਪਾਰਲੀਮਾਨੀ ਅਫੇਅਰ ਵਿਭਾਗ ਅਤੇ ਉਚੇਰੀ ਸਿੱਖਿਆ ਵਿਭਾਗ ਵੱਲੋਂ ਕਰਵਾਇਆ ਜਾਣਾ ਹੈ। ਇਸ ਵਿਧਾਨ ਸਭਾ ਸੈਸ਼ਨ ਦੇ ਵਿੱਚ ਭਾਸ਼ਾ ਵਿਭਾਗ ਪੰਜਾਬ ਦਾ ਇਕ ਅਜਿਹਾ ਐਕਟ/ਰੈਗੂਲੇਸ਼ਨ ਪਾਸ ਕੀਤਾ ਜਾਣਾ ਹੈ ਜਿਸ ਅਧੀਨ ਪੰਜਾਬ ਦੇ ਹਰ ਸਕੂਲ ਵਿੱਚ ਦੱਸਵੀਂ ਤੱਕ ਪੰਜਾਬੀ ਸਿੱਖਿਆ ਲਾਜ਼ਮੀ ਕਰਨ ਦਾ ਉਪਬੰਧ ਹੋਵੇ ਅਤੇ ਹਰੇਕ ਥਾਂ ਤੇ ਜੋ ਸਾਇਨ ਬੋਰਡ ਆਦਿ ਲਗਾਏ ਜਾਂਦੇ ਹਨ, ਚਾਹੇ ਉਹ ਪ੍ਰਾਈਵੇਟ ਹੋਣ ਜਾਂ ਸਰਕਾਰੀ, ਉਨ੍ਹਾਂ ਉਤੇ ਹੋਰ ਭਾਸ਼ਾ ਦੇ ਨਾਲ ਨਾਲ ਸਭ ਤੋਂ ਉੱਪਰ ਪੰਜਾਬੀ ਭਾਸ਼ਾਂ ਵਿੱਚ ਵੇਰਵਾ ਲਿਖੇ ਜਾਣ ਦੀ ਪ੍ਰੋਵੀਜ਼ਨ ਹੋਵੇ।

Scanned by CamScanner

8. ਮਿਤੀ 21-2-2020 ਨੂੰ ਮੁੱਖ ਸਮਾਗਮ ਪਟਿਆਲਾ ਜਾਂ ਮੋਹਾਲੀ ਵਿਖੇ ਕਰਵਾਇਆ ਜਾਣਾ ਹੈ ਜਿਸ ਵਿੱਚ ਪੰਜਾਬੀ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਜਾਣਾ ਹੈ ਜਿਸ ਵਿੱਚ ਪੰਜਾਬੀ ਦੇ ਉੱਘੇ ਗਾਇਕ ਜਿਵੇਂ ਕਿ ਗੁਰਦਾਸ ਮਾਨ, ਦਲੇਰ ਮਹਿੰਦੀ, ਬੱਬੂ ਮਾਨ, ਦਲਜੀਤ ਦੁਸਾਂਝ, ਹਰਭਜਨ ਮਾਨ, ਹੰਸ ਰਾਜ ਹੰਸ, ਪੰਮੀ ਬਾਈ, ਸਤਵਿੰਦਰ ਬਿੱਟੀ, ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ, ਮਿਸ ਪੂਜਾ, ਸੁਨੰਦਾ ਸ਼ਰਮਾ, ਨਿਮਰਤ ਖਹਿਰਾ, ਕੌਰ ਬੀ, ਜ਼ਸਪਿੰਦਰ ਨਰੂਲਾ, ਸਤਿੰਦਰ ਸਰਤਾਜ, ਜ਼ਸਬੀਰ ਜੱਸੀ, ਜੱਸੀ ਗਿੱਲ, ਅਮਰਿੰਦਰ ਗਿੱਲ, ਮਲਕੀਅਤ ਸਿੰਘ, ਜ਼ਸ ਮਾਣਕ, ਹਾਰਡੀ ਸੰਧੂ, ਮੀਕਾ, ਗੁਰੂ ਰੰਧਾਵਾ, ਹਰਸ਼ਦੀਪ ਕੌਰ, ਮਨਕੀਰਤ ਔਲਖ, ਰਣਜੀਤ ਬਾਵਾ, ਸ਼ੈਰੀ ਮਾਣ, ਗਿੱਪੀ ਗਰੇਵਾਲ ਅਤੇ ਕਪਿਲ ਸ਼ਰਮਾ ਆਦਿ ਵਿੱਚੋਂ ਕੁਝ ਕਲਾਕਾਰਾਂ ਨੂੰ ਬੁਲਾ ਕੇ ਲਗਾਤਾਰਤਾ ਵਿੱਚ ਅੱਧੇ-ਅੱਧੇ ਘੰਟੇ ਦੇ ਸਲਾਟ ਵਿੱਚ ਪੰਜਾਬੀ ਗਾਇਕੀ ਦਾ ਪ੍ਰੋਗਰਾਮ ਕਰਵਾਇਆ ਜਾਣਾ ਹੈ। ਪਾਕਿਸਤਾਨ ਜਾ ਹੋਰ ਦੇਸ਼ਾਂ ਤੋਂ ਵੀ ਕਲਾਕਾਰ ਬੁਲਾਏ ਜਾ ਸਕਦੇ ਹਨ। ( Cultural Affairs deptt.)

9. ਸਕੂਲਾਂ ਅਤੇ ਕਾਲਜਾਂ ਵਿੱਚ ਆਪਣੀ ਮਾਤ ਭਾਸ਼ਾ ਨਾਲ ਜੋੜਨ ਲਈ ਭਾਸ਼ਾ ਵਿਭਾਗ ਪੰਜਾਬ ਰਾਹੀਂ ਪੂਰੇ ਰਾਜ ਵਿੱਚ ਪਹਿਲਾਂ ਜਿਲ੍ਹਾ ਪੱਧਰ ਤੇ ਅਤੇ ਫਿਰ ਰਾਜ ਪੱਧਰ ਤੇ ਪੰਜਾਬੀ ਭਾਸ਼ਾ ਵਿੱਚ ਲੇਖ ਲਿਖਣ ਦੇ ਮੁਕਾਬਲੇ, ਭਾਸ਼ਣ ਦੇਣ ਦੇ ਮੁਕਾਬਲੇ ਅਤੇ ਪੰਜਾਬੀ ਵਿੱਚ ਕਵਿਤਾ/ਗੀਤਾ ਦੇ ਮੁਕਾਬਲੇ ਕਰਵਾਏ ਜਾਣਗੇ ਅਤੇ ਜੋ ਪੂਰੇ ਰਾਜ ਵਿੱਚ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਉਨ੍ਹਾਂ ਨੂੰ ਮੁੱਖ ਪ੍ਰੋਗਰਾਮ ਭਾਵ ਮਿਤੀ 21-2-2020 ਵਾਲੇ ਦਿਨ ਸਨਮਾਨਿਤ ਕੀਤੇ ਜਾਣ ਦੀ ਤਜਵੀਜ ਹੈ।

10. ਕੋਈ ਢੁਕਵੀਂ ਜਗ੍ਹਾ ਦੀ ਚੋਣ ਕਰਕੇ ਉਥੇ 100-150 ਏਕੜ ਵਿੱਚ ਇਕ ਸਭਿਆਚਾਰਕ ਸੈਂਟਰ ਬਣਾਇਆ ਜਾਣਾ ਹੈ ਜਿੱਥੇ ਕਿ ਪੰਜਾਬੀ ਸਭਿਅਤਾ ਅਤੇ ਭਾਸ਼ਾ ਨੂੰ ਦਰਸਾਉਂਦੇ ਹੋਇਆ ਇਕ ਥੀਮ ਪਾਰਕ ਹੋਵੇ ਅਤੇ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਆਡੀਟੋਰੀਅਮ ਅਤੇ ਇਕ ਐਜੂਕੇਸ਼ਨ ਸੈਂਟਰ ਵੀ ਬਣਾਇਆ ਜਾਣਾ ਹੈ।

11. ਇਨ੍ਹਾਂ ਵੱਖ-ਵੱਖ ਸਮਾਗਮਾਂ ਵਿੱਚ ਉਨ੍ਹਾਂ ਨਾਲ ਸਬੰਧਤ ਖੇਤਰਾਂ ਦੇ 11-11 ਅਵਾਰਡ ਵੀ ਉਘੀਆਂ ਸ਼ਖਸ਼ੀਅਤਾਂ ਨੂੰ ਦਿੱਤੇ ਜਾਣੇ ਹਨ ਜਿਨ੍ਹਾਂ ਨੇ ਕਿ ਉਸ ਖੇਤਰ ਵਿੱਚ ਉੱਘਾ ਯੋਗਦਾਨ ਪਾਇਆ ਹੋਵੇ। ਇਨ੍ਹਾਂ ਸ਼ਖਸੀਅਤਾਂ ਦੀ ਚੋਣ ਸਬੰਧਤ ਵਿਭਾਗ/ਅਦਾਰਾ ਜਿਸ ਰਾਹੀਂ ਉਹ ਪ੍ਰੋਗਰਾਮ ਕਰਵਾਇਆ ਜਾਣਾ ਹੈ, ਉਨ੍ਹਾਂ ਰਾਹੀਂ ਹੀ ਕਰਵਾਈ ਜਾਣੀ ਹੈ।

12. ਇਹ ਵੀ ਤਜਵੀਜ਼ ਕੀਤਾ ਜਾਂਦਾ ਹੈ ਕਿ ਇਸ ਵਾਸਤੇ ਜੋ ਪ੍ਰੋਗਰਾਮ ਪੰਜਾਬ ਟੈਕਨੀਕਲ ਯੂਨੀਵਰਸਿਟੀ ਰਾਹੀਂ ਕਰਵਾਇਆ ਜਾਣਾ ਹੈ ਉਸ ਦੇ ਫੰਡਜ਼ ਦਾ ਉਪਬੰਧ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਕੀਤਾ ਜਾਣਾ ਹੈ ਅਤੇ ਜ਼ੋ ਪ੍ਰੋਗਰਾਮ ਭਾਸ਼ਾ ਵਿਭਾਗ ਜਾਂ ਉਚੇਰੀ ਸਿੱਖਿਆ ਵਿਭਾਗ ਵੱਲੋਂ ਆਯੋਜਿਤ ਕੀਤੇ ਜਾਣੇ ਹਨ ਉਨ੍ਹਾਂ ਦਾ ਖਰਚਾ ਉੱਚੇਰੀ ਸਿੱਖਿਆ ਵਿਭਾਗ ਵੱਲੋਂ ਆਪਣੇ ਪੱਧਰ ਤੇ ਬਜਟ ਉਪਬੰਧ ਕਰਕੇ ਕੀਤਾ ਜਾਣਾ ਹੈ ਅਤੇ ਜ਼ੋ ਪ੍ਰੋਗਰਾਮ ਪੰਜਾਬ ਆਰਟਸ ਕੌਂਸਲ ਜਾਂ ਹਰਪਾਲ ਟਿਵਾਣਾ ਅਕੈਡਮੀ ਵੱਲੋਂ ਕਰਵਾਏ ਜਾਣੇ ਹਨ ਉਸ ਦਾ ਖਰਚਾ ਪੰਜਾਬ ਆਰਟਸ ਕੌਂਸਲ ਵੱਲੋਂ ਕੀਤਾ ਜਾਣਾ ਹੈ ਅਤੇ ਜ਼ੋ ਮੁੱਖ ਸਭਿਆਚਾਰਕ ਪ੍ਰੋਗਰਾਮ ਮਿਤੀ 21-2-2020 ਨੂੰ ਕਰਵਾਇਆ ਜਾਣਾ ਹੈ ਉਹ ਸਭਿਆਚਾਰਕ ਮਾਮਲੇ ਵਿਭਾਗ ਵੱਲੋਂ ਕਰਵਾਇਆ ਜਾਣਾ ਚਾਹੀਦਾ ਹੈ ਜਿਸ ਵਾਸਤੇ ਘੱਟੋ-ਘੱਟ 2 ਕਰੋੜ ਰੁਪਏ ਦਾ ਵੱਖਰਾ ਬਜਟ ਉਪਬੰਧ ਕੀਤੇ ਜਾਣ ਦੀ ਲੋੜ ਹੋਵੇਗੀ।

13. ਕਿਉਂ ਜੋ 21 ਫਰਵਰੀ ਨੂੰ ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਜਾਣਾ ਹੈ ਜਿਸ ਦਾ ਮੁੱਖ ਮਕਸਦ ਮਾਤ ਭਾਸ਼ਾ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕੀਤਾ ਜਾਣਾ ਹੁੰਦਾ ਹੈ, ਇਸ ਲਈ ਜੋ ਪੰਜਾਬੀ ਮਾਂ ਬੋਲੀ ਦਿਵਸ/ਸਪਤਾਹ ਮਨਾਇਆ ਜਾਣਾ ਹੈ ਇਸ ਵਿੱਚ ਨੋਡਲ ਵਿਭਾਗ ਸਭਿਆਚਾਰਕ ਮਾਮਲੇ ਵਿਭਾਗ ਪੰਜਾਬ ਨੂੰ ਬਣਾਇਆ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਜੋ ਇਸ ਸਾਲ ਵੱਖਰੇ ਤੌਰ ਤੇ ਪੰਜਾਬੀ ਭਾਸ਼ਾ ਸਪਤਾਹ ਮਨਾਇਆ ਜਾਣਾ ਸੀ ਉਹ ਵੀ ਹੁਣ ਵੱਖਰੇ ਤੌਰ ਤੇ ਨਾ ਮਨਾ ਕੇ ਇਹ ਪ੍ਰੋਗਰਾਮ ਵੀ ਮਿਤੀ 15-2-2020 ਤੋਂ 21-2-2020 ਦੇ ਸਮੇਂ ਦੇ ਦੌਰਾਨ ਹੀ ਨਾਲੋ-ਨਾਲ ਕਰਵਾਏ ਜਾਣੇ ਹਨ।

Scanned by CamScanner